ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ...3182...... ਮਿਤੀ: 27-9-2023

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ : 25/09/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 68 ਤੋਂ 72 ਮਿਤੀ 25/09/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ (ਅਜੰਡਾ),
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ: 3183-3186** **ਮਿਤੀ: 27-9-2023**

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Ok

ਸੁਪਰਡੰਟ(ਅਜੰਡਾ),
ਨਗਰ ਨਿਗਮ, ਫਗਵਾੜਾ।

# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in


ਮਿਤੀ 25/09/2023 ਨੂੰ ਸ਼੍ਰੀ ਅਮਿਤ ਕੁਮਾਰ ਪੰਚਾਲ, ਆਈ.ਏ.ਐਸ., ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 68<br>25/09/2023 | ਰਿਪੋਰਟ ਵੱਲੋਂ ਨਿਗਰਾਨ ਇੰਜ਼ੀ. ਨਗਰ ਨਿਗਮ, ਫਗਵਾੜਾ ਕਿ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਦਫਤਰ ਨਗਰ ਨਿਗਮ ਫਗਵਾੜਾ ਵਿਖੇ 5 Handy Fogging Machines ਦੀ ਜੈਮ ਪੋਰਟਲ ਤੋ ਖ੍ਰੀਦ ਕਰਨ੍ਹ ਲਈ ਮਤਾ ਨੰ: 51 ਮਿਤੀ 19-07-2023 ਰਾਹੀ ਪ੍ਰਵਾਨ ਕੀਤਾ ਗਿਆ ਸੀ। ਜਿਸ ਤੋ ਬਾਅਦ ਮਿਤੀ 12-09-2023 ਨੂੰ ਇਹਨਾਂ 5 Handy Fogging Machines ਦੀ ਖ੍ਰੀਦ ਕਰਨ ਲਈ Financial Bid ਖੋਲੀ ਗਈ ਹੈ। ਇਸ Bid ਮੁਤਾਬਕ M/s Alflah Manufachring Company ਦਾ Bid Rate ਸਭ ਤੋ ਘੱਟ ਹੈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ M/s Alflah Manufachring Company ਨੂੰ ਉਕਤ 5 Handy Fogging Machines ਦੀ ਖ੍ਰੀਦ ਕਰਨ ਲਈ ਵਰਕ ਆਰਡਰ ਜਾਰੀ ਕਰਨ ਦੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਥੇ ਇਹ ਦੱਸਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 5/71/2017/MEO/DA/334 ਮਿਤੀ 23-03-2020 ਰਾਂਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਸਨ।ਉਕਤ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਦੀ ਲਈ ਰਿਪੋਰਟ ਪੇਸ਼ ਹੈ ਜੀ | ------ | ਸੂਚਨਾ ਹਿੱਤ। |

# ਦਫਤਰ ਨਗਰ ਨਿਗਮ ਫਗਵਾੜਾ

**OFFICE OF THE MUNICIPAL CORPORATION PHAGWARA**

TOWN HALL PARK, PHAGWARA-144401

Office: 01824-260426 Fax: 01824-223260

Website: www.mcphagwara.com Email: comm.mcpgr@punjab.gov.in

| | | | | |
|---|---|---|---|---|
| 2 | 69<br>25/09/2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਫਗਵਾੜਾ ਕਿ ਸੀਵਰੇਜ ਪਾਉਣ ਲਈ ਫਗਵਾੜਾ ਬੰਗਾ ਰੋਡ ਉੱਪਰ ਰੋਡ ਕਟਿੰਗ ਕਰਨ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਨਗਰ ਨਿਗਮ ਫਗਵਾੜਾ ਵੱਲੋ ਲਾਂਬਾ ਕਿਡਸ ਵਰਲਡ, ਬੰਗਾ ਰੋਡ ਤੋ ਸ਼ਮਸ਼ਾਨ ਘਾਟ ਤੱਕ ਲਗਭਗ 400 ਮੀਟਰ ਨਵੀ ਸੀਵਰ ਲਾਈਨ ਪਾਈ ਗਈ ਹੈ। ਇਸ ਸਬੰਧੀ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਲੋ:ਨਿ:ਵਿ: ਭਤੇਮ ਸ਼ਾਖਾ ਫਗਵਾੜਾ ਜੀ ਵੱਲੋ ਪੱਤਰ ਨੰ: 333 ਮਿਤੀ 19-09-2023 ਰਾਹੀ ਬੰਗਾ ਰੋਡ ਉਕਰ ਸੀਵਰ ਕੱਟ ਲਗਾਉਣ ਕਰਕੇ 24.35 ਲੱਖ ਦਾ ਬੀ.ਟੀ. ਬਿੱਲ ਭੇਜਿਆ ਗਿਆ ਹੈ। ਇਸ ਸਬੰਧੀ ਲਿਖਿਆ ਗਿਆ ਹੈ ਕਿ ਬੰਗਾ ਰੋਡ ਨੂੰ ਰਿਪੇਅਰ ਕਰਵਾਉਣ ਲਈ ਇਸ ਬਿੱਲ ਦੀ ਅਦਾਇਗੀ ਕੀਤੀ ਜਾਵੇ। ਇਸ ਲਈ ਜੇਕਰ ਮੰਜੂਰ ਹੋਵੇ ਤਾਂ ਉਕਤ ਬਿੱਲ ਮੁਤਾਬਕ ਬਣਦੀ ਰਕਮ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ। ਇਥੇ ਇਹ ਦੱਸਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 5/71/2017/MEO/DA/334 ਮਿਤੀ 23-03-2020 ਰਾਂਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਸਨ।ਉਕਤ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਦੀ ਲਈ ਰਿਪੋਰਟ ਪੇਸ਼ ਹੈ ਜੀ | ------ | ਸੂਚਨਾ ਹਿੱਤ। |
| 3 | 70<br>25/09/2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਫਗਵਾੜਾ ਕਿ **B.T. Bill for laying sewer line near Shri Vishwakarma Mandir on Berms of Phagwara Banga Nawanshaher road.** ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਨਗਰ ਨਿਗਮ ਫਗਵਾੜਾ ਵੱਲੋ ਨੇੜੇ ਸ਼੍ਰੀ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ ਜੋ ਸੀਵਰ ਲਾਈਨ ਪਾਈ ਜਾ ਰਹੀ ਹੈ, ਉਸ ਸਬੰਧੀ ਬੰਗਾ ਰੋਡ ਤੇ ਸੀਵਰ ਪਾਉਣ ਦੀ ਐਨ.ਓ.ਸੀ. ਸਬੰਧੀ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਲੋ:ਨਿ:ਵਿ: ਭਤੇਮ ਸ਼ਾਖਾ ਫਗਵਾੜਾ ਜੀ ਵੱਲੋ ਪੱਤਰ ਨੰ: 337 ਮਿਤੀ 19-09-2023 ਨਾਲ ਨੱਥੀ ਕਰਕੇ 59133/- ਰੁਪਏ ਦਾ ਬੀ.ਟੀ. ਬਿੱਲ ਭੇਜਿਆ ਗਿਆ ਹੈ। ਉਕਤ ਕੰਮ ਨੂੰ ਕਰਵਾਉਣ ਲਈ ਲੋਕ ਨਿਰਮਾਣ ਵਿਭਾਗ ਵੱਲੋ ਐਨ.ਓ.ਸੀ ਲਈ | ------ | ਸੂਚਨਾ ਹਿੱਤ। |

| | | | | |
|---|---|---|---|---|
| | | ਜਾਣੀ ਜਰੂਰੀ ਹੈ। ਇਸ ਲਈ ਜੇਕਰ ਮੰਜੂਰ ਹੋਵੇ ਤਾਂ ਉਕਤ ਬਿੱਲ ਮੁਤਾਬਕ ਬਣਦੀ ਰਕਮ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ। ਇਥੇ ਇਹ ਦੱਸਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 5/71/2017/MEO/DA/334 ਮਿਤੀ 23-03-2020 ਰਾਂਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਸਨ।ਉਕਤ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਦੀ ਲਈ ਰਿਪੋਰਟ ਪੇਸ਼ ਹੈ ਜੀ | | |
| 4 | 71<br>25/09/2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਫਗਵਾੜਾ ਕਿ **Backhoe Loader PB08EY3900 ਦੇ ਇੰਜਣ, ਟਰਾਂਸਮਿਸ਼ਨ, ਗਿਅਰ ਆਇਲ, ਫਿਲਟਰ ਕਿੱਟ, ਅਤੇ ਹਾਇਡ੍ਰੋਲਿਕ ਦੀ ਸਰਵਿਸ ਕਰਵਾਉਣ** ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਨਗਰ ਨਿਗਮ ਫਗਵਾੜਾ ਦੇ ਆਉਟਸੋਰਸ ਡਰਾਇਵਰ ਸ਼੍ਰੀ ਸੁੱਖਦੇਵ ਕੁਮਾਰ ਵੱਲੋ **Backhoe Loader PB08EY3900** ਦੇ ਇੰਜਣ, ਟਰਾਂਸਮਿਸ਼ਨ, ਗਿਅਰ ਆਇਲ, ਫਿਲਟਰ ਕਿੱਟ, ਅਤੇ ਹਾਇਡ੍ਰੋਲਿਕ ਦੀ ਸਰਵਿਸ ਕਰਵਾਉਣ ਲਈ ਬੇਨਤੀ ਕੀਤੀ ਗਈ ਹੈ। ਨਗਰ ਨਿਗਮ ਫਗਵਾੜਾ ਵਿਖੇ ਸੈਕੰਡਰੀ ਪੁਆਇੰਟਾ ਤੋਂ ਕੂੜਾ ਚੱਕਣ ਦਾ ਕੰਮ ਇਸ ਬੈਕਹੋ ਲੋਡਰ ਨਾਲ ਕੀਤਾ ਜਾਂਦਾ ਹੈ। ਸੈਕੰਡਰੀ ਪੁਆਇੰਟਾ ਤੋਂ ਕੂੜਾ ਚੱਕਣ ਦੇ ਕੰਮ ਨੂੰ ਠੀਕ ਢੰਗ ਨਾਲ ਚਲਾਉਣ ਲਈ ਇਸ ਬੈਕਹੋ ਲੋਡਰ ਦੀ ਸਰਵਿਸ ਕਰਵਾਉਣੀ ਜਰੂਰੀ ਹੈ। ਇਸ ਲਈ ਇਸ ਬੂਕਹੋ ਲੋਡਰ ਦੀ ਸਰਵਿਸ ਕਰਵਾਉਣ ਲਈ ਸਬੰਧਤ ਏਜਸੀਆ ਮੈਸ: ਡੀਜਲ ਪਾਵਰ ਸਲੂਸ਼ਨ ਅਤ ਮੈਸ: ਐਸ.ਏ.ਐਸ. ਐਕਿਉਪਮੈਂਟ ਤੋ ਐਸਟੀਮੇਟ ਲਿਆ ਗਿਆ ਹੈ। ਇਹਨਾਂ ਐਸਟੀਮੇਟਸ ਦੇ ਮੁਤਾਬਕ ਇੰਜਣ ਦੀ ਸਰਵਿਸ ਤੇ ਲਗਭਗ 8772/- ਰੁਪਏ ਅਤੇ ਹਾਇਡ੍ਰੋਲਿਕ ਦੀ ਸਰਵਿਸ ਤੇ ਲਗਭਗ 53800/- ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਬੈਕਹੋ ਲੋਡਰ ਦੀ ਸਰਵਿਸ ਕਰਵਾਉਣ ਲਈ ਸਬੰਧਤ ਏਜੰਸੀਆ ਨੂੰ ਸਰਵਿਸ ਕਰਵਾਉਣ ਤੋਂ ਪਹਿਲਾ ਉਕਤ ਐਸਟੀਮੇਟ ਮੁਤਾਬਕ ਬਣਦੀ ਰਕਮ ਦਾ ਚੈਕ ਤਿਆਰ ਕਰਕੇ ਉਸ ਚੈਕ ਦੀ ਫੋਟੋ ਭੇਜਣੀ ਪੈਂਦੀ ਹੈ। ਜਿਸ ਤੋ ਬਾਅਦ ਹੀ ਏਜੰਸੀ ਵੱਲੋ ਆਪਣੇ ਮੈਕੇਨਿਕ ਨੂੰ ਸਾਰਾ ਸਰਵਿਸ ਦਾ | ------ | ਸੂਚਨਾ ਹਿੱਤ। |

# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in


| | | | | |
|---|---|---|---|---|
| | | ਸਮਾਨ ਦੇ ਕੇ ਦਫਤਰ ਨਗਰ ਨਿਗਮ ਫਗਵਾੜਾ ਭੇਜਿਆ ਜਾਂਦਾ ਹੈ ਅਤੇ ਉਹ ਮੈਕੇਨਿਕ ਸਰਵਿਸ ਕਰਣ ਤੋ ਬਾਅਦ ਨਾਲ ਹੀ ਚੈਕ ਲੈ ਕੇ ਜਾਂਦੇ ਹਨ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਉਕਤ ਅਨੁਸਾਰ ਇਸ ਬੈਕਹੋ ਲੋਡਰ ਦੀ ਸਰਵਿਸ ਕਰਵਾਉਣ ਲਈ ਬਣਦੀ ਰਕਮ ਦੀ ਅਦਾਇਗੀ ਕਰਨ ਲਈ ਐਡਵਾਂਸ ਵਿੱਚ ਚੈਕ ਤਿਆਰ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ। ਇਥੇ ਇਹ ਦੱਸਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 5/71/2017/MEO/DA/334 ਮਿਤੀ 23-03-2020 ਰਾਂਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਸਨ।ਉਕਤ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਦੀ ਲਈ ਰਿਪੋਰਟ ਪੇਸ਼ ਹੈ ਜੀ | | |
| 5 | 72<br>25/09/2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਫਗਵਾੜਾ ਕਿ ਦਫਤਰ ਨਗਰ ਨਿਗਮ, ਫਗਵਾੜਾ ਵੱਲੋਂ ਲਗਾਏ ਗਏ ਈ-ਟੈਂਡਰ ਦੀ ਵਰਕ ਆਰਡਰ ਜਾਰੀ ਕਰਨ ਲਈ ਪ੍ਰਵਾਨਗੀ ਬਾਰੇ।ਨਗਰ ਨਿਗਮ, ਫਗਵਾੜਾ ਵਲੋਂ ਪਿਛਲੇ ਸਮੇਂ ਦੌਰਾਨ ਸ਼ਹਿਰ ਦੇ ਹੇਠ ਲਿਖੇ ਕੰਮ ਦਾ ਈ-ਟੈਂਡਰ ਲਗਾਇਆ ਗਿਆ ਸੀ। ਜਿਸ ਦੀ ਕਮਿਸ਼ਨਰ ਸਾਹਿਬ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਜਾਣੀ ਹੈ। ਇਹ ਕੰਮ ਨਗਰ ਨਿਗਮ ਫੰਡ ਵਿੱਚੋਂ ਕਰਵਾਇਆ ਜਾਣਾ ਹੈ। ਇਸ ਕੰਮ ਦਾ ਮਤਾ ਨਗਰ ਨਿਗਮ ਦੇ ਹਾਊਸ ਵਿੱਚੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਕੰਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:- | ------ | ਸੂਚਨਾ ਹਿੱਤ। |

# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in


| Sr. No. | Name of Work | Est. Amt. (Lacs.) | Lowest Firm/ Agency/ Contractor | Quoted Rate (Less overall %) | Tender Amt. (Lacs.) | Bids |
|---|---|---|---|---|---|---|
| 1. | Laying Sewer Line in Street No. 1 and 2 at Mohalla Kirti Nagar | 14.68 | CNC Precision Engineering | -15.39% | 12.42 | 03 |

ਇੱਥੇ ਇਹ ਦੱਸਣ ਯੋਗ ਹੈ ਕਿ :- ਲੜੀ ਨੰ: 1 ਦੇ ਕੰਮ ਦਾ ਈ-ਟੈਂਡਰ ਦੂਜੀ ਵਾਰ ਕਾਲ ਕੀਤਾ ਗਿਆ ਸੀ।
ਉਕਤ ਕੰਮ ਦਾ ਰੇਟ ਪ੍ਰਵਾਨ ਕਰਨ ਅਤੇ ਵਰਕ ਆਰਡਰ ਜਾਰੀ ਕਰਨ ਲਈ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ।

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।